# ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮਟਿਡ ਚੰਡੀਗੜ੍ਹ

## "ਦਫਤਰੀ ਹੁਕਮ"

ਨਿਗਮ ਦੇ ਸਮੂਹ ਕਰਮਚਾਰੀਆਂ/ਅਧਿਕਾਰੀਆਂ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਸੰਯੁਕਤ ਸਕੱਤਰ ਭਲਾਈ, ਪੰਜਾਬ ਸਰਕਾਰ, ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ(ਰਿਜ਼ਰਵੇਸ਼ਨ ਸੈੱਲ) ਦੇ ਪੱਤਰ ਨੰ: 7/3/2015-ਰਸ1/1033779/1-8 ਰਾਹੀਂ ਸੂਚਿਤ ਕੀਤਾ ਹੈ ਕਿ ਭਾਰਤ ਸਰਕਾਰ ਵੱਲੋਂ OM No. 12025/14/90-SCD dated 16.08.1990 ਰਾਹੀਂ ਇਹ ਹਦਾਇਤਾ ਜਾਰੀ ਕੀਤੀਆਂ ਹਨ ਕਿ ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲਿਆਂ ਦੇ ਸਰਟੀਫਿਕੇਟਾਂ, ਦਫਤਰੀ ਕੰਮ-ਕਾਜ ਵਿੱਚ "ਹਰੀਜਨ" ਅਤੇ "ਗਿਰੀਜਨ" ਸ਼ਬਦ ਦੀ ਵਰਤੋਂ ਤੋਂ ਗੁਰੇਜ਼ ਕੀਤਾ ਜਾਵੇ।

ਇਸ ਸਬੰਧ ਵਿੱਚ ਅੱਗੇ ਇਹ ਦੱਸਿਆ ਗਿਆ ਹੈ ਕਿ ਕੁਝ ਵਿਭਾਗਾਂ/ਸਰਕਾਰੀ ਦਫ਼ਤਰਾਂ ਵੱਲੋਂ ਸ਼ਬਦਾਵਲੀ ਵਿੱਚ ਅਜੇ ਵੀ "ਹਰੀਜਨ/ਗਿਰੀਜਨ" ਸ਼ਬਦ ਦੀ ਵਰਤੋਂ ਕੀਤੀ ਜਾ ਰਹੀ ਹੈ ਜ਼ੋ ਕਿ ਭਾਰਤ ਸਰਕਾਰ ਦੀਆਂ ਜਾਰੀ ਕੀਤੀਆਂ ਹਦਾਇਤਾਂ ਦੀ ਉਲੰਘਣਾਂ ਹੈ ਤੇ ਨਾਲ ਹੀ ਇਹ ਵੀ ਕਿਹਾ ਹੈ ਕਿ ਭਾਰਤ ਸਰਕਾਰ ਦੀਆਂ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਇਹ ਹੁਕਮ ਕੀਤੇ ਜਾਂਦੇ ਹਨ ਕਿ ਉਪਰੋਕਤ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

ਪ੍ਰਬੰਧਕ ਨਿਰਦੇਸ਼ਕ

ਪਿੱਠ ਅੰਕਣ ਨੰ: ਪਲਉਨਿਨਿ/ਪ੍ਰਸੋਨਲ/ਸ-6/ 14529-32 ਮਿਤੀ: 13/9/17

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਫੰਕਸ਼ਨਲ ਮੁੱਖੀ (ਮੁੱਖ ਦਫ਼ਤਰ)
2. ਪੀ.ਐਸ ਟੂ ਐਮ.ਡੀ/ ਪੀ.ਐਸ ਟੂ ਏ.ਐਮ.ਡੀ
3. ਸਮੂਹ ਅਫ਼ਸਰ ਸਾਹਿਬਾਨ (ਮੁੱਖ ਦਫ਼ਤਰ)
4. ਸਮੂਹ ਸਹਾਇਕ(ਪ੍ਰਸੋਨਲ)

ਮਹਾਂ ਪ੍ਰਬੰਧਕ (ਪ੍ਰਸੋਨਲ)

O/c